Exhibit
A4

ਰੋਜ਼ਾਨਾ ਅਕਾਲੀ ਪੱਤ੍ਰਿਕਾ, ਜਲੰਧਰ    Jan 11, 1979

ਅਕਾਲੀ ਪੱਤ੍ਰਿਕਾ

# ਯੋਗੀ ਭਜਨ ਨੂੰ ਸਿਖ ਪੰਥ ਚੋਂ ਕਢਿਆ ਜਾਏਗਾ

## 2 ਲੱਖ ਸਿੰਘ ਸਜਾਣ ਦਾ ਦਾਅਵਾ ਗਲਤ—ਜਥੇਦਾਰ ਭੌਰਾ

ਅੰਮ੍ਰਿਤਸਰ 10 ਜਨਵਰੀ—(ਵਿਸ਼ੇਸ਼ ਪ੍ਰਤੀਨਿਧ) ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਧੂ ਸਿੰਘ ਜੀ ਭੌਰਾ ਨੇ ਅੱਜ ਇਥੇ ਕਿਹਾ ਕਿ ਯੋਗੀ ਹਰਭਜਨ ਵਲੋਂ ਆਪਣੇ ਆਪ ਨੂੰ ਸਿੰਘ ਸਾਹਿਬ ਬਨਾਉਣਾ ਗਲਤ ਹੈ। ਉਹਨਾਂ ਕਿਹਾ ਕਿ ਇਕ ਰਜਿਸਟਰਡ ਚਿੱਠੀ ਲਿਖ ਕੇ ਉਹਨਾਂ ਯੋਗੀ ਹਰਭਜਨ ਤੋਂ ਪੁਛਿਆ ਹੈ ਕਿ ਉਹ ਕਿਸ ਅਥਾਰਟੀ ਨਾਲ ਆਪਣੇ ਆਪ ਨੂੰ ਸਿੰਘ ਸਾਹਿਬ ਬਣਾਉਂਦਾ ਹੈ। ਉਹਨਾਂ ਕਿਹਾ ਕਿ ਇਸ ਚਿੱਠੀ ਅਤੇ ਹੁਕਮਨਾਮੇ ਸਬੰਧੀ ਕੀਤੀ ਗਈ ਜੁਆਬ ਤਲਬੀ ਦਾ ਅਜੇ ਯੋਗੀ ਭਜਨ ਨੇ ਜੁਆਬ ਨਹੀਂ ਦਿਤਾ।

ਜਥੇਦਾਰ ਭੌਰਾ ਨੇ ਕਿਹਾ ਕਿ ਉਹ ਕੁਝ ਦਿਨ ਹੋਰ ਉਡੀਕਣਗੇ ਅਤੇ ਫੇਰ ਯੋਗੀ ਭਜਨ ਨੂੰ ਇਕ ਮਹੀਨੇ ਦਾ ਨੋਟਿਸ ਦੇਣਗੇ। ਜੇ ਉਸਨੇ ਜੁਆਬ ਨਾ ਦਿਤਾ ਤਾਂ ਉਸ ਨੂੰ ਸਿਖ ਪੰਥ ਵਿਚੋਂ ਖਾਰਜ ਕਰ ਦਿਤਾ ਜਾਏਗਾ। ਜ: ਭੌਰਾ ਨੇ ਕਿਹਾ ਕਿ ਯੋਗੀ ਸਿਖੀ ਦੇ ਨਾਂ ਤੇ ਸਿਖਾਂ ਦਾ ਸ਼ੋਸ਼ਣ ਕਰ ਰਿਹਾ ਹੈ ਅਤੇ ਭੋਲੇ ਭਾਲੇ ਅਮਰੀਕਨਾਂ ਨੂੰ ਉਲੂ ਬਣਾ ਰਿਹਾ ਹੈ। ਉਹਨਾਂ ਯੋਗੀ ਦੇ ਇਸ ਦਾਅਵੇ ਨੂੰ ਗਲਤ ਕਰਾਰ ਦਿਤਾ ਕਿ ਯੋਗੀ ਨੇ 2 ਲੱਖ ਸਿੰਘ ਬਣਾਏ ਹਨ। ਉਹਨਾਂ ਇਸ ਗਿਣਤੀ ਨੂੰ 15 ਸੌ ਤੋਂ ਦੋ ਹਜ਼ਾਰ ਤਕ ਦਸਿਆ। ਉਹਨਾਂ ਕਿਹਾ ਕਿ ਸਿਖੀ ਸਿਧਾਂਤਾਂ ਨਾਲ ਬਣਦੀ ਹੈ ਕੇਵਲ ਦਾਹੜੀ ਕੇਸਾਂ ਨਾਲ ਨਹੀਂ।

## ENGLISH TRANSLATION

### YOGI BHAJAN TO BE EXCOMMUNICATED OUT OF THE SIKH PANTH

HIS BOASTFUL ASSERTION THAT HE HAS TWO HUNDRED THOUSAND AMERICAN DEVOTEES IS WRONG: SAYS JATHEDAR AKAL TAKHAT, GIANI SADHU SINGH BHAURA.

Amritsar. January 10, ( By our special correspondent . ) : Singh Sahib Giani Sadhu Singh Bhaura, Jathedar Akal Takhat said in a statement today that " Yogi Bhajan cannot call himself Sri Singh Sahib under any circumstance." He said, " Through a registered letter he ( Jathedar Akal Takhat ) has asked Yogi Bhajan asto why and on what grounds he has declared himself Sri Singh Sahib and Spirtual Authority over the Sikhs of the Western Hemisphere. " He said, that Yogi Bhajan has not so far sent any reply to his letter in which he questioned his propriety of issuing Hukamnama of his own, ( thus challenging and equating himself with the Jathedar Akal Takhat ). The Jathedar Akal Takhat further said that he would wait for the reply for some days and then if he does not get any reply and satsifactory answer to his question he will take the extreme step of Excommunicating him from the Sikh Panth.

The Jathedar Akal Takhat further said that Yogi Bhajan is misleading innocent American Sikhs and devotees in the name of Sikhism and making a fool of them by his anti Sikh teachings. We have also checked up from authentic sources that his followers do not exceed fifteen hundred to two thousand in number. A Man is a Sikh by following the Sikh doctrines and ideals in their totality and not merely by keeping hair and beard.

( Authorized Translation )